2026447230
30/3/2026
ਫਾ/1

# ਚੋਣਕਾਰ ਰਜਿਸਟਰੇਸ਼ਨ ਅਫਸਰ, 092-ਬਠਿੰਡਾ (ਸ਼ਹਿਰੀ)
## -ਕਮ- ਉਪ ਮੰਡਲ ਮੈਜਿਸਟਰੇਟ, ਬਠਿੰਡਾ

**(Room No. 316, 2nd Floor, Mini Secretariat, Bathinda) E-Mail ID :- ero-92@punjab.gov.in**

ਪੱਤਰ ਨੰ: 421 /ਚੋਣਾਂ 2026 ਮਿਤੀ 27/03 /2026

ਵੱਲ

ਬੀ.ਐਲ.ਓਜ਼ ਬੂਥ ਨੰ:1, 3 ਤੋਂ 19, 21 ਤੋਂ 35,37,38,44,46,47,48,50,51,52,53,55,59,62,66,69, 73,77,79 ਤੋਂ 85,89,91,92,93,96,99,101 ਤੋਂ 105,109,110,111,113,114,116,117, 119 ਤੋਂ 123, 128,133134,138,146 ਤੋਂ 163,165,167 ਤੋਂ 171,173,175,176,177,179,180, 182 ਤੋਂ 206,208,210 ਤੋਂ 223,225,228,229,230,232 ਤੋਂ 241,243,244,78.

ਵਿਸ਼ਾ :- ਵੋਟਰਾਂ ਦੀ ਮੈਪਿੰਗ ਵਧਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਾਨਯੋਗ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀ 2025 ਵਿੱਚ ਦਰਜ ਵੋਟਰਾਂ ਨੂੰ SIR 2003 ਦੀ ਸੂਚੀ ਨਾਲ ਮੈਪ ਕਰਨ ਦਾ ਕੰਮ ਲਗਾਤਾਰ ਚੱਲ ਰਿਹਾ ਹੈ। ਇਸ ਦੌਰਾਨ ਆਪ ਨੂੰ ਪਹਿਲਾਂ ਵੀ ਕਈ ਵਾਰ ਆਪਦੇ ਪਿਤਰੀ ਵਿਭਾਗ ਵਿੱਚੋ ਫਾਰਗ ਕਰਵਾਇਆ ਗਿਆ ਹੈ। ਪਰੰਤੂ ਬਾਵਜੂਦ ਇਸਦੇ ਆਪ ਵੱਲੋ ਵੋਟਰਾਂ ਦੀ ਮੈਪਿੰਗ ਦਾ ਬਹੁਤ ਹੀ ਘੱਟ ਕੀਤਾ ਗਿਆ ਹੈ।ਇਸ ਸਬੰਧ ਵਿੱਚ ਮੁੱਖ ਚੋਣ ਅਫਸਰ, ਪੰਜਾਬ ਜੀ ਵੱਲੋ ਮਿਤੀ:12-03-2026 ਨੂੰ ਇਸ ਹਲਕੇ ਦੇ ਬੀ.ਐਲ.ਓਜ਼ ਨਾਲ ਵੀਡਿਓ ਕਾਨਫਰੇਂਸ ਕੀਤੀ ਗਈ ਸੀ ਅਤੇ ਹੁਣ ਮਿਤੀ 06-04-2026 ਅਤੇ 16-04-2026 ਨੂੰ ਫੇਰ ਇੱਕ ਵੀਡਿਓ ਕਾਨਫਰੇਂਸ ਮੁੱਖ ਚੋਣ ਅਫਸਰ, ਪੰਜਾਬ ਜੀ ਵੱਲੋ ਕੀਤੀ ਜਾਣੀ ਹੈ। ਉਹਨਾਂ ਵੱਲੋ ਸਖਤ ਹਦਾਇਤ ਕੀਤੀ ਗਈ ਹੈ ਕਿ ਮੈਪਿੰਗ ਦਾ ਕੰਮ 100% ਕੀਤਾ ਜਾਣਾ ਲਾਜਮੀ ਹੈ।

ਇਸ ਲਈ ਆਪ ਨੂੰ ਮਿਤੀ 01.04.2026 ਤੋ 15.04.2026 ਤੱਕ ਆਪਦੇ ਪਿੱਤਰੀ ਵਿਭਾਗ ਤੋ ਫਾਰਗ ਕੀਤਾ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਤੋ ਬਾਅਦ ਵੀ ਆਪ ਵੱਲੋ ਆਪਣੀ ਮੈਪਿੰਗ ਦੀ ਪ੍ਰਤੀਸ਼ਤਤਾ ਦਾ ਕੰਮ ਮੁਕਮਲ ਨਾ ਕੀਤਾ ਗਿਆ ਤਾਂ ਇਸ ਸਬੰਧੀ ਮੁੱਖ ਚੋਣ ਅਫਸਰ, ਪੰਜਾਬ ਜੀ ਵੱਲੋ ਆਪ ਖਿਲਾਫ ਕਾਰਵਾਈ ਕੀਤੀ ਜਾਵੇਗੀ, ਜਿਸ ਸਬੰਧੀ ਆਪ ਦੀ ਨਿੱਜੀ ਜਿਮੇਵਾਰੀ ਹੋਵੇਗੀ। ਉਕਤ ਮਿਤੀ ਦੌਰਾਨ ਆਪ ਨੂੰ ਫੀਲਡ ਵਿੱਚ ਕਰਨ ਕਰਦੇ ਹੋਏ ਨਿਮਨ-ਹਸਤਾਖਰ ਵੱਲੋ ਅਤੇ ਮਾਨਯੋਗ ਡਿਪਟੀ ਕਮਿਸ਼ਨਰ ਜੀ ਵੱਲੋ ਅਚਨਚੇਤ ਚੈਕ ਕੀਤਾ ਜਾਵੇਗਾ, ਜੇਕਰ ਕੋਈ ਬੀ.ਐਲ.ਓ. ਫੀਲਡ ਵਿੱਚ ਮੌਜੂਦ ਨਾ ਪਾਇਆ ਗਿਆ ਤਾਂ ਉਸ ਖਿਲਾਫ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਦੇ ਆਧਾਰ ਦੇ ਆਧਾਰ ਤੇ ਕਾਰਵਾਈ ਕਰਨ ਲਈ ਤੁਰੰਤ ਪੁਲਿਸ ਵਿਭਾਗ ਨੂੰ ਲਿੱਖ ਦਿੱਤਾ ਜਾਵੇਗਾ।

ਚੋਣਕਾਰ ਰਜਿਸਟਰੇਸ਼ਨ ਅਫਸਰ,
-ਕਮ-ਉਪ ਮੰਡਲ ਮੈਜਿਸਟਰੇਟ,
ਬਠਿੰਡਾ।

ਪਿੱਠ ਅੰਕਣ ਨੰ: 422-423 ਮਿਤੀ: 27/03/2026

ਇਸ ਦਾ ਇੱਕ ਉਤਾਰਾ:

1. ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਸੂਚਨਾਂ ਹਿੱਤ,
2. ਸਮੂਹ ਵਿਭਾਗਾਂ ਦੇ ਮੁਖੀਆਂ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ 092 ਬਠਿੰਡਾ (ਸ਼ਹਿਰੀ) ਵਿਧਾਨ ਸਭਾ ਹਲਕਾ ਵਿੱਚ ਬੀ.ਐਲ.ਓ. ਦੀ ਡਿਊਟੀ ਨਿਭਾ ਰਹੇ ਉਕਤ ਕਰਮਚਾਰੀਆਂ (ਨੱਥੀ ਲਿਸਟ) ਨੂੰ ਮਿਤੀ:01-04-2026 ਤੋਂ 15-04-2026 ਤੱਕ ਫਾਰਗ ਕੀਤਾ ਜਾਵੇ ਅਤੇ ਇਸ ਦੌਰਾਨ ਆਪ ਦੇ ਦਫਤਰ ਵਲੋਂ ਇਨ੍ਹਾਂ ਕਰਮਚਾਰੀਆਂ ਦੀ ਕੋਈ ਹੋਰ ਵਿਭਾਗੀ ਡਿਊਟੀ ਲਗਾਈ ਗਈ ਹੈ ਤਾਂ ਉਸਦਾ ਬਦਲਵਾਂ ਪ੍ਰਬੰਧ ਆਪਣੇ ਪੱਧਰ ਤੇ ਕਰਨਾ ਯਕੀਨੀ ਬਣਾਇਆ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
-ਕਮ-ਉਪ ਮੰਡਲ ਮੈਜਿਸਟਰੇਟ,
ਬਠਿੰਡਾ।

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2026/ 8002 ਮਿਤੀ : 30.03.2026

ਉਕਤ ਦਾ ਉਤਾਰਾ ਸਬੰਧਤ ਸਕੂਲ ਮੁਖੀਆਂ ਨੂੰ , ਸੂਚਨਾ ਅਤੇ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

30/03/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

Scanned with CamScanner